ਬੱਚੇ ਦੇ ਅਧਿਕਾਰਾਂ ਬਾਰੇ UN (ਸੰਯੁਕਤ ਰਾਸ਼ਟਰ) ਦੀ ਕਨਵੈਨਸ਼ਨ

ਜਿਉਂਦੇ ਰਹਿਣਾ, ਤੁਹਾਡੇ ਕੋਲ ਜੀਵਨ, ਚੰਗੇ ਭੋਜਨ, ਪਾਣੀ, ਅਤੇ ਸਿਹਤਮੰਦ ਢੰਗ ਨਾਲ ਵੱਡੇ ਹੋਣ ਦਾ ਅਧਿਕਾਰ ਹੈ

ਵਿਕਾਸ, ਤੁਹਾਡੇ ਕੋਲ ਸਿੱਖਿਆ ਅਤੇ ਆਰਾਮ ਕਰਨ ਅਤੇ ਖੇਡਣ ਦਾ ਅਧਿਕਾਰ ਹੈ

ਸ਼ਮੂਲੀਅਤ, ਤੁਹਾਡੇ ਕੋਲ ਇਹ ਕਹਿਣ ਦਾ ਅਧਿਕਾਰ ਹੈ ਕਿ ਤੁਸੀਂ ਕਿਹੋ ਜਿਹਾ ਮਹਿਸੂਸ ਕਰਦੇ ਹੋ, (ਤੁਹਾਡੇ ਕੋਲ) ਆਪਣੀ ਗੱਲ ਸੁਣੇ ਜਾਣ ਦਾ ਅਤੇ ਇਸ ਨੂੰ ਗੰਭੀਰਤਾ ਨਾਲ ਲਏ ਦਾ ਅਧਿਕਾਰ ਹੈ

ਸੁਰੱਖਿਆ, ਤੁਹਾਡੇ ਕੋਲ ਚੰਗੀ ਤਰ੍ਹਾਂ ਨਾਲ ਵਰਤਾਓ ਕੀਤੇ ਜਾਣ ਅਤੇ ਕਿਸੇ ਵੱਲੋਂ ਵੀ ਤਕਲੀਫ ਨਾ ਪਹੁੰਚਾਏ ਜਾਣ ਦਾ ਅਧਿਕਾਰ ਹੈ

1) 18 ਸਾਲ ਤੋਂ ਘੱਟ ਉਮਰ ਵਾਲੇ ਹਰੇਕ ਬੱਚੇ ਕੋਲ ਇਹ ਅਧਿਕਾਰ ਹਨ

2) ਸਾਰੇ ਬੱਚਿਆਂ ਕੋਲ ਇਹ ਅਧਿਕਾਰ ਹਨ

3) ਬਾਲਗਾਂ ਨੂੰ ਲਾਜ਼ਮੀ ਤੌਰ ’ਤੇ ਉਹ ਕਰਨਾ ਚਾਹੀਦਾ ਹੈ ਜੋ ਮੇਰੇ ਲਈ ਬਿਹਤਰੀਨ ਹੈ

4) ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮੇਰੇ ਅਧਿਕਾਰਾਂ ਦਾ ਸਤਿਕਾਰ ਕੀਤਾ ਜਾਵੇ

5) ਮੇਰੇ ਪਰਿਵਾਰ ਦੀ ਮੇਰੇ ਅਧਿਕਾਰਾਂ ਬਾਰੇ ਜਾਣਨ ਵਿੱਚ ਮੇਰੀ ਮਦਦ ਕਰਨ ਦੇ ਅਧਿਕਾਰ ਦਾ ਸਰਕਾਰ ਨੂੰ ਸਤਿਕਾਰ ਕਰਨਾ ਚਾਹੀਦਾ ਹੈ

6) ਜਿਉਂਦੇ ਰਹਿਣ ਅਤੇ ਅੱਗੇ ਵਧਣ ਲਈ ਮੇਰੀ ਸਹਾਇਤਾ ਕਰਨੀ ਚਾਹੀਦੀ ਹੈ

7) ਮੈਨੂੰ ਨਾਂ ਰੱਖੇ ਜਾਣ ਅਤੇ ਇੱਕ ਦੇਸ਼ ਨਾਲ ਸਬੰਧ ਰੱਖਣ ਦਾ ਅਧਿਕਾਰ ਹੈ

8) ਮੈਨੂੰ ਪਹਿਚਾਣ ਦਾ ਅਧਿਕਾਰ ਹੈ

9) ਮੈਨੂੰ ਇੱਕ ਪਰਿਵਾਰ ਨਾਲ ਰਹਿਣ ਦਾ ਅਧਿਕਾਰ ਹੈ ਜੋ ਮੇਰੀ ਦੇਖਭਾਲ ਕਰਦਾ ਹੈ

10) ਜੇ ਮੇਰਾ ਪਰਿਵਾਰ ਕਿਸੇ ਹੋਰ ਦੇਸ਼ ਵਿੱਚ ਰਹਿੰਦਾ ਹੈ ਤਾਂ ਮੇਰੇ ਕੋਲ ਆਪਣੇ ਪਰਿਵਾਰ ਨੂੰ ਮਿਲਣ ਦਾ ਅਧਿਕਾਰ ਹੈ

11) ਮੈਨੂੰ ਗ਼ੈਰਕਾਨੂੰਨੀ ਢੰਗ ਨਾਲ ਦੇਸ਼ ਤੋਂ ਬਾਹਰ ਨਾ ਲੈ ਕੇ ਜਾਣ ਦਾ ਅਧਿਕਾਰ ਹੈ

12) ਮੇਰੇ ਕੋਲ ਗੱਲ ਸੁਣੇ ਜਾਣ, ਅਤੇ ਗੰਭੀਰਤਾ ਨਾਲ ਲਏ ਜਾਣ ਦਾ ਅਧਿਕਾਰ ਹੈ

13) ਮੈਨੂੰ ਜਾਣਕਾਰੀ ਬਾਰੇ ਪਤਾ ਲਗਾਉਣ ਅਤੇ ਇਸ ਨੂੰ ਸਾਂਝੀ ਕਰਨ ਦਾ ਅਧਿਕਾਰ ਹੈ

14) ਮੈਨੂੰ ਖੁਦ ਦੇ ਵਿਚਾਰ ਅਤੇ ਧਾਰਨਾਵਾਂ ਬਣਾਉਣ ਅਤੇ ਆਪਣੇ ਮਾਪਿਆਂ ਦੀ ਸੇਧ ਨਾਲ ਆਪਣੇ ਧਰਮ ਦੀ ਚੋਣ ਕਰਨ ਦਾ ਅਧਿਕਾਰ ਹੈ

15) ਮੈਨੂੰ ਦੋਸਤਾਂ ਨਾਲ ਮਿਲਣ ਅਤੇ ਸਮੂਹਾਂ ਵਿੱਚ ਸ਼ਾਮਲ ਹੋਣ ਦਾ ਅਧਿਕਾਰ ਹੈ

16) ਮੈਨੂੰ ਕੁਝ ਚੀਜ਼ਾਂ ਗੁਪਤ ਰੱਖਣ ਦਾ ਅਧਿਕਾਰ ਹੈ

17) ਮੈਨੂੰ ਬਹੁਤ ਸਾਰੇ ਤਰੀਕਿਆਂ ਨਾਲ ਜਾਣਕਾਰੀ ਲੈਣ ਦਾ ਅਧਿਕਾਰ ਹੈ ਜਦੋਂ ਤੱਕ ਅਜਿਹਾ ਕਰਨਾ ਸੁਰੱਖਿਅਤ ਹੁੰਦਾ ਹੈ

18) ਜੇ ਸੰਭਵ ਹੁੰਦਾ ਹੈ ਤਾਂ ਮੇਰੇ ਕੋਲ ਦੋਵੇਂ ਮਾਪਿਆਂ ਵੱਲੋਂ ਵੱਡਾ ਕੀਤੇ ਜਾਣ ਦਾ ਅਧਿਕਾਰ ਹੈ

19) ਮੈਨੂੰ ਨੁਕਸਾਨ ਪਹੁੰਚਾਏ ਜਾਣ ਜਾਂ ਮਾੜਾ ਵਰਤਾਓ ਕੀਤੇ ਜਾਣ ਤੋਂ ਸੁਰੱਖਿਆ ਕੀਤੇ ਜਾਣ ਦਾ ਅਧਿਕਾਰ ਹੈ

20) ਜੇ ਮੈਂ ਆਪਣੇ ਖੁਦ ਦੇ ਪਰਿਵਾਰ ਨਾਲ ਨਹੀਂ ਰਹਿ ਸਕਦਾ/ਸਕਦੀ ਤਾਂ ਮੈਨੂੰ ਵਿਸ਼ੇਸ਼ ਸੁਰੱਖਿਆ ਅਤੇ ਮਦਦ ਅਧਿਕਾਰ ਹੈ

21) ਜੇ ਮੈਨੂੰ ਗੋਦ ਦਿੱਤਾ ਜਾਂਦਾ ਹੈ ਤਾਂ ਮੈਨੂੰ ਬਿਹਤਰੀਨ ਦੇਖਭਾਲ ਕਰਵਾਉਣ ਦਾ ਅਧਿਕਾਰ ਹੈ

22) ਜੇ ਮੈਂ ਸ਼ਰਣਾਰਥੀ ਹਾਂ, ਤਾਂ ਮੇਰੇ ਕੋਲ ਉਹੀ ਅਧਿਕਾਰ ਹਨ ਜੋ ਉਸ ਦੇਸ਼ ਵਿੱਚ ਪੈਦਾ ਹੋਏ ਬੱਚਿਆਂ ਕੋਲ ਹੁੰਦੇ ਹਨ

23) ਜੇ ਮੈਨੂੰ ਅਪਾਹਜਤਾ ਹੈ, ਤਾਂ ਮੈਨੂੰ ਵਿਸ਼ੇਸ਼ ਦੇਖਭਾਲ ਅਤੇ ਸਿੱਖਿਆ ਦਾ ਅਧਿਕਾਰ ਹੈ

24) ਮੈਨੂੰ ਚੰਗੇ ਮਿਆਰ ਦੀ ਸਿਹਤ ਦੇਖਭਾਲ, ਸਾਫ਼ ਪਾਣੀ ਅਤੇ ਚੰਗੇ ਭੋਜਨ ਦਾ ਅਧਿਕਾਰ ਹੈ

25) ਜੇ ਮੈਂ ਆਪਣੇ ਪਰਿਵਾਰ ਨਾਲ ਨਹੀਂ ਰਹਿ ਰਿਹਾ/ਰਹੀ ਹਾਂ, ਤਾਂ ਲੋਕਾਂ ਨੂੰ ਇਹ ਪਤਾ ਲਗਾਉਂਦੇ ਰਹਿਣਾ ਚਾਹੀਦਾ ਹੈ ਕਿ ਕੀ ਮੈਂ ਸੁਰੱਖਿਅਤ ਅਤੇ ਖੁਸ਼ ਹਾਂ

26) ਮੇਰੇ ਪਰਿਵਾਰ ਨੂੰ ਉਹ ਪੈਸਾ ਮਿਲਣਾ ਚਾਹੀਦਾ ਹੈ ਜਿਸ ਦੀ ਲੋੜ ਮੇਰੀ ਪਰਵਰਿਸ਼ ਵਾਸਤੇ ਮਦਦ ਲਈ ਹੈ

27) ਮੈਨੂੰ ਇੱਕ ਉਚਿਤ ਘਰ, ਭੋਜਨ ਅਤੇ ਕਪੜਿਆਂ ਦਾ ਅਧਿਕਾਰ ਹੈ

28) ਮੈਨੂੰ ਸਿੱਖਿਆ ਦਾ ਅਧਿਕਾਰ ਹੈ

29) ਮੈਨੂੰ ਇੱਕ ਅਜਿਹੀ ਸਿੱਖਿਆ ਦਾ ਅਧਿਕਾਰ ਹੈ ਜੋ ਮੇਰੀ ਸ਼ਖਸੀਅਤ ਦਾ ਵਿਕਾਸ ਕਰਦੀ ਹੈ, ਹੋਰਨਾਂ ਦੇ ਅਧਿਕਾਰਾਂ ਅਤੇ ਵਾਤਾਵਰਣ ਦਾ ਸਤਿਕਾਰ ਕਰਦੀ ਹੈ

30) ਮੈਨੂੰ ਆਪਣੀ ਖੁਦ ਦੀ ਭਾਸ਼ਾ ਬੋਲਣ ਅਤੇ ਆਪਣੇ ਪਰਿਵਾਰ ਦੀ ਜੀਵਨ ਸ਼ੈਲੀ ਦੀ ਪਾਲਣਾ ਕਰਨ ਦਾ ਅਧਿਕਾਰ ਹੈ

31) ਮੈਨੂੰ ਆਰਾਮ ਕਰਨ ਅਤੇ ਖੇਡਣ ਦਾ ਅਧਿਕਾਰ ਹੈ

32) ਮੇਰੇ ਤੋਂ ਖ਼ਤਰਨਾਕ ਕੰਮ ਨਹੀਂ ਕਰਵਾਉਣਾ ਚਾਹੀਦਾ
33) ਮੇਰੀ ਖ਼ਤਰਨਾਕ ਡਰੱਗਜ਼ ਤੋਂ ਸੁਰੱਖਿਆ ਕਰਨੀ ਚਾਹੀਦੀ ਹੈ
34) ਕਿਸੇ ਨੂੰ ਵੀ ਮੈਨੂੰ ਇਸ ਤਰ੍ਹਾਂ ਨਾਲ ਨਹੀਂ ਛੂਹਣਾ ਚਾਹੀਦਾ ਜੋ ਮੈਨੂੰ ਤਕਲੀਫਦੇਹ, ਅਸੁਰੱਖਿਅਤ ਜਾਂ ਉਦਾਸ ਮਹਿਸੂਸ ਕਰਵਾਉਂਦਾ ਹੈ।
35) ਮੈਨੂੰ ਅਗਵਾ ਨਹੀਂ ਕਰਨਾ ਚਾਹੀਦਾ, ਮੇਰੀ ਵੇਚ ਜਾਂ ਤੱਸਕਰੀ ਨਹੀਂ ਕਰਨੀ ਚਾਹੀਦੀ
36) ਮੈਨੂੰ ਉਨ੍ਹਾਂ ਗੱਲਾਂ ਤੋਂ ਸੁਰੱਖਿਅਤ ਰੱਖੇ ਜਾਣ ਦਾ ਅਧਿਕਾਰ ਹੈ ਜੋ ਮੇਰੇ ਵਿਕਾਸ ਲਈ ਨੁਕਸਾਨ ਪਹੁੰਚਾ ਸਕਦੀਆਂ ਹਨ
37) ਮੈਨੂੰ ਬੇਰਹਿਮ ਜਾਂ ਤਕਲੀਫਦੇਹ ਢੰਗ ਨਾਲ ਸਜ਼ਾ ਨਾ ਦਿੱਤੇ ਜਾਣ ਦਾ ਅਧਿਕਾਰ ਹੈ
38) ਮੈਨੂੰ 15 ਸਾਲ ਦੀ ਉਮਰ ਤੱਕ ਫ਼ੌਜ ਵਿੱਚ ਸ਼ਾਮਲ ਹੋਣ ਦੀ ਆਗਿਆ ਨਹੀਂ ਹੈ
39) ਜੇ ਮੈਨੂੰ ਤਕਲੀਫ ਪਹੁੰਚਾਈ ਗਈ ਹੈ, ਅਣਦੇਖੀ ਕੀਤੀ ਗਈ ਹੈ ਜਾਂ ਮਾੜੇ ਢੰਗ ਨਾਲ ਵਰਤਾਓ ਕੀਤਾ ਗਿਆ ਹੈ ਤਾਂ ਮੈਨੂੰ ਮਦਦ ਲੈਣ ਦਾ ਅਧਿਕਾਰ ਹੈ
40) ਜੇ ਮੈਂ ਕਾਨੂੰਨ ਤੋੜਨ ਦਾ ਦੋਸ਼ੀ ਰਿਹਾ/ਰਹੀ ਹਾਂ ਤਾਂ ਮੈਨੂੰ ਕਾਨੂੰਨੀ ਮਦਦ ਲੈਣ ਅਤੇ ਨਿਰਪੱਖਤਾ ਨਾਲ ਸਲੂਕ ਕੀਤੇ ਜਾਣ ਦਾ ਅਧਿਕਾਰ ਹੈ
41) ਜਿੱਥੇ ਸਾਡਾ ਦੇਸ਼ ਸਾਡੇ ਨਾਲ UN ਤੋਂ ਬਿਹਤਰ ਵਿਵਹਾਰ ਕਰਦਾ ਹੈ ਉੱਥੇ ਸਾਨੂੰ ਵਧੀਆ ਕੰਮ ਜਾਰੀ ਰੱਖਣਾ ਚਾਹੀਦਾ ਹੈ!
42) ਹਰੇਕ ਵਿਅਕਤੀ ਨੂੰ UNCRC (ਬੱਚੇ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰੀ ਦੀ ਕਨਵੈਨਸ਼ਨ) ਬਾਰੇ ਪਤਾ ਹੋਣਾ ਚਾਹੀਦਾ ਹੈ

ਵਿਡਗਿਟ ਸਿੰਬਲਜ਼ (Widgit Symbols) © ਵਿਡਗਿਟ ਸੌਫ਼ਟਵੇਅਰ (Widgit Software) 2002 - 2017
www.widgit.com

1) 18 ਸਾਲ ਤੋਂ ਘੱਟ ਉਮਰ ਵਾਲੇ ਹਰੇਕ ਬੱਚੇ ਕੋਲ ਇਹ ਅਧਿਕਾਰ ਹਨ

UNCRC ਤਹਿਤ ਇੱਕ ਬੱਚੇ ਦਾ ਅਰਥ 18 ਸਾਲ ਦੀ ਉਮਰ ਤੋਂ ਘੱਟ ਹਰੇਕ ਵਿਅਕਤੀ ਹੈ। ਜਦੋਂ ਤੱਕ ਕਿ ਉਸ (ਸਬੰਧਤ) ਦੇਸ਼ ਦੇ ਕਾਨੂੰਨ ਤਹਿਤ ਇਸ ਤੋਂ ਪਹਿਲਾਂ ਬਾਲਗ-ਅਵਸਥਾ ਹਾਸਲ ਨਹੀਂ ਕੀਤੀ ਜਾਂਦੀ - ਉਦਾਹਰਣ ਵਜੋਂ ਜੇ 16 ਸਾਲ ਦੀ ਉਮਰ ’ਤੇ ਮੇਰਾ ਵਿਆਹ ਹੋ ਜਾਂਦਾ ਹੈ।

2) ਸਾਰੇ ਬੱਚਿਆਂ ਕੋਲ ਇਹ ਅਧਿਕਾਰ ਹਨ

UNCRC ਸਾਰਿਆਂ ’ਤੇ ਲਾਗੂ ਹੁੰਦੇ ਹਨ ਭਾਵੇਂ ਉਨ੍ਹਾਂ ਦੀ ਕੋਈ ਵੀ ਨਸਲ, ਧਰਮ, ਯੋਗਤਾਵਾਂ ਕਿਉਂ ਨਾ ਹੋਣ, ਭਾਵੇਂ ਉਹ ਕੁਝ ਵੀ ਸੋਚਦੇ ਜਾਂ ਕਹਿੰਦੇ ਹਨ, ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਕਿਹੜੇ ਪਰਿਵਾਰ ਤੋਂ ਹਨ। ਸਰਕਾਰ ਨੂੰ ਬਗੈਰ ਕਿਸੇ ਵਿਤਕਰੇ ਤੋਂ UNCRC ਵਿੱਚ ਦਿੱਤੇ ਮੇਰੇ ਅਧਿਕਾਰਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

3) ਬਾਲਗਾਂ ਨੂੰ ਲਾਜ਼ਮੀ ਤੌਰ ’ਤੇ ਉਹ ਕਰਨਾ ਚਾਹੀਦਾ ਹੈ ਜੋ ਮੇਰੇ ਲਈ ਬਿਹਤਰੀਨ ਹੈ

ਮੇਰੇ ਲਈ ਜੋ ਬਿਹਤਰੀਨ ਹੈ ਸਾਰੇ ਸਾਰੇ ਬਾਲਗਾਂ ਨੂੰ ਉਹ ਸਭ ਕਰਨਾ ਚਾਹੀਦਾ ਹੈ। ਜਦੋਂ ਬਾਲਗ ਫੈਸਲੇ ਕਰਦੇ ਹਨ, ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਉਹ ਮੇਰੇ ਉੱਤੇ ਕਿਵੇਂ ਅਸਰ ਪਾਉਂਦੇ ਹਨ

4) ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮੇਰੇ ਅਧਿਕਾਰਾਂ ਦਾ ਸਤਿਕਾਰ ਕੀਤਾ ਜਾਵੇ

ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ UNCRC ਵਿੱਚ ਦਿੱਤੇ ਅਧਿਕਾਰ ਮੇਰੇ ਲਈ ਉਪਲਬਧ ਹੋਣ। ਮਿਸਾਲ ਲਈ - ਸਰਕਾਰ ਜਦੋਂ ਚਾਹੇ ਮੇਰੇ ਅਧਿਕਾਰ ਨਹੀਂ ਲੈ (ਖੋਹ) ਸਕਦੀ, ਉਨ੍ਹਾਂ ਨੂੰ UNCRC ਵਿੱਚ ਦਿੱਤੇ ਮੇਰੇ ਅਧਿਕਾਰਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

5) ਮੇਰੇ ਪਰਿਵਾਰ ਦੀ ਮੇਰੇ ਅਧਿਕਾਰਾਂ ਬਾਰੇ ਜਾਣਨ ਵਿੱਚ ਮੇਰੀ ਮਦਦ ਕਰਨ ਦੇ ਅਧਿਕਾਰ ਦਾ ਸਰਕਾਰ ਨੂੰ ਸਤਿਕਾਰ ਕਰਨਾ ਚਾਹੀਦਾ ਹੈ

ਮਾਪਿਆਂ ਦੀ ਆਪਣੇ ਬੱਚਿਆਂ ਨੂੰ ਸੇਧ ਦੇਣ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦੀ ਸਰਕਾਰ ਨੂੰ ਕਦਰ ਕਰਨੀ ਚਾਹੀਦੀ ਹੈ। ਮੇਰੇ ਵੱਡੇ ਹੋਣ ’ਤੇ, ਮੇਰੇ ਪਰਿਵਾਰ ਨੂੰ ਮੈਨੂੰ ਨਿਰਦੇਸ਼ ਅਤੇ ਸੇਧ ਦੇਣੀ ਚਾਹੀਦੀ ਹੈ ਤਾਂ ਜੋ ਮੈਂ ਸਹੀ ਢੰਗ ਨਾਲ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਬਾਰੇ ਸਿੱਖ ਸਕਾਂ।

6) ਜਿਉਂਦੇ ਰਹਿਣ ਅਤੇ ਅੱਗੇ ਵਧਣ ਲਈ ਮੇਰੀ ਸਹਾਇਤਾ ਕਰਨੀ ਚਾਹੀਦੀ ਹੈ

ਮੈਨੂੰ ਜੀਵਨ ਦਾ ਅਧਿਕਾਰ ਹੈ। ਸਰਕਾਰਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮੈਂ ਜਿਉਂਦਾ/ਜਿਉਂਦੀ ਰਹਾਂ ਅਤੇ ਸਿਹਤਮੰਦ ਢੰਗ ਨਾਲ ਮੇਰਾ ਵਿਕਾਸ ਹੋਵੇ।

7) ਮੈਨੂੰ ਨਾਂ ਰੱਖੇ ਜਾਣ ਅਤੇ ਇੱਕ ਦੇਸ਼ ਨਾਲ ਸਬੰਧ ਰੱਖਣ ਦਾ ਅਧਿਕਾਰ ਹੈ

ਮੇਰੇ ਕੋਲ ਕਾਨੂੰਨੀ ਤੌਰ ’ਤੇ ਨਾਮ ਅਤੇ ਰਾਸ਼ਟਰੀਅਤਾ ਰਜਿਸਟਰ ਕਰਵਾਉਣ ਦਾ ਅਧਿਕਾਰ ਹੈ। ਮੈਨੂੰ ਆਪਣੇ ਦੋਵਾਂ ਮਾਪਿਆਂ ਬਾਰੇ ਜਾਣਨ ਅਤੇ ਦੋਵੇਂ ਮਾਪਿਆਂ ਵੱਲੋਂ ਦੇਖਭਾਲ ਕਰਵਾਉਣ ਦਾ ਅਧਿਕਾਰ ਹੈ

8) ਮੈਨੂੰ ਪਹਿਚਾਣ ਦਾ ਅਧਿਕਾਰ ਹੈ

ਮੇਰੇ ਨਾਮ, ਰਾਸ਼ਟਰੀਅਤਾ ਅਤੇ ਪਰਿਵਾਰਕ ਸਬੰਧਾਂ ਦੇ ਅਧਿਕਾਰ ਦਾ ਸਤਿਕਾਰ ਹੋਣਾ ਚਾਹੀਦਾ ਹੈ। ਮਿਸਾਲ ਲਈ - ਇਸ ਦਾ ਅਰਥ ਹੈ ਕਿ ਵਿਅਕਤੀ ਦੀ ਰਾਸ਼ਟਰੀਅਤਾ, ਨਾਮ ਜਾਂ ਪਰਿਵਾਰਕ ਪਿਛੋਕੜ ਦੇ ਬਾਵਜੂਦ, UNCRC ਇਹ ਮਾਨਤਾ ਦਿੰਦੀ ਹੈ ਕਿ ਉਹ ਇੱਕ ਵਿਅਕਤੀ ਹਨ ਅਤੇ ਉਨ੍ਹਾਂ ਕੋਲ ਅਜਿਹਾ ਕੀਤੇ ਜਾਣ ਦਾ ਅਧਿਕਾਰ ਹੈ

9) ਮੈਨੂੰ ਇੱਕ ਪਰਿਵਾਰ ਨਾਲ ਰਹਿਣ ਦਾ ਅਧਿਕਾਰ ਹੈ ਜੋ ਮੇਰੀ ਦੇਖਭਾਲ ਕਰਦਾ ਹੈ

ਮੈਨੂੰ ਆਪਣੇ ਮਾਪਿਆਂ ਤੋਂ ਵੱਖ ਨਹੀਂ ਕਰਨਾ ਚਾਹੀਦਾ ਜਦੋਂ ਤੱਕ ਇਹ ਮੇਰੇ ਆਪਣੇ ਲਈ ਚੰਗਾ ਨਹੀਂ ਹੁੰਦਾ - ਮਿਸਾਲ ਲਈ ਜੇ ਮਾਪਿਆਂ ਵਿੱਚੋਂ ਕੋਈ ਇੱਕ ਮੇਰੇ ਨਾਲ ਮਾੜਾ ਵਿਵਹਾਰ ਕਰਦਾ ਹੈ ਜਾਂ ਮੇਰੀ ਅਣਦੇਖੀ ਕਰਦਾ ਹੈ। ਜੇ ਮੇਰੇ ਮਾਪੇ ਵੱਖ ਹੋ ਗਏ ਹਨ, ਤਾਂ ਮੈਨੂੰ ਉਦੋਂ ਤੱਕ ਉਨ੍ਹਾਂ ਦੋਵਾਂ ਨਾਲ ਸੰਪਰਕ ਬਣਾਈ ਰੱਖਣ ਦਾ ਅਧਿਕਾਰ ਹੈ ਜਦੋਂ ਤੱਕ ਇਸ ਨਾਲ ਮੈਨੂੰ ਨੁਕਸਾਨ ਨਹੀਂ ਪਹੁੰਚਦਾ। ਵੱਖ ਹੋਣ ਬਾਰੇ ਕਿਸੇ ਵੀ ਵਿਚਾਰ-ਵਟਾਂਦਰਿਆਂ ਲਈ, ਮੈਨੂੰ ਆਪਣੇ ਵਿਚਾਰ ਦੱਸੇ ਜਾਣ ਦਾ ਮੌਕਾ ਮਿਲਣਾ ਚਾਹੀਦਾ ਹੈ।

10) ਜੇ ਮੇਰਾ ਪਰਿਵਾਰ ਕਿਸੇ ਹੋਰ ਦੇਸ਼ ਵਿੱਚ ਰਹਿੰਦਾ ਹੈ ਤਾਂ ਮੇਰੇ ਕੋਲ ਆਪਣੇ ਪਰਿਵਾਰ ਨੂੰ ਮਿਲਣ ਦਾ ਅਧਿਕਾਰ ਹੈ

ਸਰਕਾਰਾਂ ਨੂੰ ਪਰਿਵਾਰਾਂ ਨੂੰ ਦੇਸ਼ਾਂ ਦਰਮਿਆਨ ਆਉਣ-ਜਾਣ ਦੇਣਾ ਚਾਹੀਦਾ ਹੈ ਤਾਂ ਜੋ ਮਾਪੇ ਅਤੇ ਬੱਚੇ ਸੰਪਰਕ ਬਣਾਈ ਰੱਖਣ। ਜੇ ਮੇਰਾ ਪਰਿਵਾਰ ਵੱਖ-ਵੱਖ ਦੇਸ਼ਾਂ ਵਿੱਚ ਰਹਿੰਦਾ ਹੈ, ਤਾਂ ਮੈਨੂੰ ਉਨ੍ਹਾਂ ਦੋਵਾਂ ਨਾਲ ਸੰਪਰਕ ਬਣਾਈ ਰੱਖਣ ਦਾ ਅਧਿਕਾਰ ਹੈ।

11) ਮੈਨੂੰ ਗ਼ੈਰਕਾਨੂੰਨੀ ਢੰਗ ਨਾਲ ਦੇਸ਼ ਤੋਂ ਬਾਹਰ ਨਾ ਲੈ ਕੇ ਜਾਣ ਦਾ ਅਧਿਕਾਰ ਹੈ

ਸਰਕਾਰਾਂ ਨੂੰ ਮੈਨੂੰ ਗ਼ੈਰਕਾਨੂੰਨੀ ਢੰਗ ਨਾਲ ਆਪਣੇ ਦੇਸ਼ ਵਿੱਚੋਂ ਬਾਹਰ ਲੈ ਕੇ ਜਾਣ ਤੋਂ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ। ਸਰਕਾਰਾਂ ਨੂੰ ਇਸ ਨੂੰ ਯਕੀਨੀ ਬਣਾਉਣ ਲਈ ਹੋਰਨਾਂ ਦੇਸ਼ਾਂ ਨਾਲ ਸਮਝੌਤੇ ਕਰਨੇ ਚਾਹੀਦੇ ਹਨ।

12) ਮੇਰੇ ਕੋਲ ਗੱਲ ਸੁਣੇ ਜਾਣ, ਅਤੇ ਗੰਭੀਰਤਾ ਨਾਲ ਲਏ ਜਾਣ ਦਾ ਅਧਿਕਾਰ ਹੈ

ਜਦੋਂ ਬਾਲਗ ਅਜਿਹੇ ਫੈਸਲੇ ਕਰ ਰਹੇ ਹੁੰਦੇ ਹਨ ਜੋ ਮੇਰੇ ’ਤੇ ਅਸਰ ਪਾਉਂਦੇ ਹਨ, ਤਾਂ ਮੈਂ ਜੋ ਕੁਝ ਸੋਚਦਾ/ਸੋਚਦੀ ਹਾਂ ਉਸ ਨੂੰ ਕਹਿਣ ਅਤੇ ਮੇਰੀ ਗੱਲ ਸੁਣੇ ਦਾ ਮੈਨੂੰ ਅਧਿਕਾਰ ਹੈ। ਮੈਨੂੰ ਅਧਿਕਾਰ ਹੈ ਕਿ ਘਰ ਵਿੱਚ, ਸਕੂਲ ਵਿੱਚ, ਭਾਈਚਾਰੇ ਵਿੱਚ ਅਤੇ ਮੇਰੇ ਦੇਸ਼ ਵਿੱਚ ਮੇਰੇ ਨਾਲ ਜੋ ਹੁੰਦਾ ਹੈ ਉਸ ਬਾਰੇ ਮੇਰੇ ਵਿਚਾਰ ਫੈਸਲੇ ਲੈਣ ਵਿੱਚ ਮਦਦ ਕਰਨ। ਬਾਲਗਾਂ ਨੂੰ ਮੇਰੀ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਮੈਂ ਆਪਣੇ ਵਿਚਾਰ ਇਸ ਤਰ੍ਹਾਂ ਨਾਲ ਦੇ ਸਕਾਂ ਜੋ ਮੇਰੇ ਵੱਲੋਂ ਅਜਿਹਾ ਕੀਤੇ ਜਾਣ ਲਈ ਸਰਬੋਤਮ ਹੁੰਦੇ ਹਨ।

13) ਮੈਨੂੰ ਜਾਣਕਾਰੀ ਬਾਰੇ ਪਤਾ ਲਗਾਉਣ ਅਤੇ ਇਸ ਨੂੰ ਸਾਂਝੀ ਕਰਨ ਦਾ ਅਧਿਕਾਰ ਹੈ

ਇਸ ਵਿੱਚ ਹਰ ਤਰ੍ਹਾਂ ਦੀ ਜਾਣਕਾਰੀ ਬਾਰੇ ਪਤਾ ਲਗਾਉਣਾ, ਇਸ ਨੂੰ  ਪ੍ਰਾਪਤ ਕਰਨਾ ਅਤੇ ਸਾਂਝਾ ਕਰਨਾ ਸ਼ਾਮਲ ਹੈ। ਮੈਂ ਬੋਲ ਕੇ, ਲਿਖ ਕੇ, ਇੱਕ ਕਲਾ ਦੀ ਰਚਨਾ ਕਰਕੇ ਜਾਂ ਕਿਸੇ ਵੀ ਅਜਿਹੇ ਤਰੀਕੇ ਨਾਲ ਇਹ ਕਰ ਸਕਦਾ/ਸਕਦੀ ਹਾਂ ਜਿਸ ਦੀ ਮੈਂ ਚੋਣ ਕਰਦਾ/ਕਰਦੀ ਹਾਂ। ਮੈਂ ਉਦੋਂ ਤੱਕ ਅਜਿਹਾ ਕਰ ਸਕਦਾ/ਸਕਦੀ ਹਾਂ ਜਦੋਂ ਤੱਕ ਜਾਣਕਾਰੀ ਮੈਨੂੰ ਜਾਂ ਹੋਰਨਾਂ ਨੂੰ ਨੁਕਸਾਨ ਨਹੀਂ ਪਹੁੰਚਾ ਰਹੀ ਹੁੰਦੀ।

14) ਮੈਨੂੰ ਖੁਦ ਦੇ ਵਿਚਾਰ ਅਤੇ ਧਾਰਨਾਵਾਂ ਬਣਾਉਣ ਅਤੇ ਆਪਣੇ ਮਾਪਿਆਂ ਦੀ ਸੇਧ ਨਾਲ ਆਪਣੇ ਧਰਮ ਦੀ ਚੋਣ ਕਰਨ ਦਾ ਅਧਿਕਾਰ ਹੈ

ਮੈਨੂੰ ਆਪਣੇ ਧਰਮ ਦੀ ਪਾਲਣਾ ਕਰਨ ਅਤੇ ਜੋ ਮੈਂ ਚਾਹੁੰਦਾ/ਚਾਹੁੰਦੀ ਹਾਂ ਉਸ ਨੂੰ ਮੰਨਣਾ ਦਾ ਅਧਿਕਾਰ ਹੈ। ਮੇਰੇ ਕੋਲ ਉਦੋਂ ਤੱਕ ਇਹ ਅਧਿਕਾਰ  ਹੁੰਦਾ ਹੈ ਜਦੋਂ ਤੱਕ ਮੈਂ ਹੋਰਨਾਂ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਨਹੀਂ ਰੋਕਦਾ/ਰੋਕਦੀ।

15) ਮੈਨੂੰ ਦੋਸਤਾਂ ਨਾਲ ਮਿਲਣ ਅਤੇ ਸਮੂਹਾਂ ਵਿੱਚ ਸ਼ਾਮਲ ਹੋਣ ਦਾ ਅਧਿਕਾਰ ਹੈ

ਮੈਨੂੰ ਸਮੂਹਾਂ ਅਤੇ ਸੰਗਠਨਾਂ ਵਿੱਚ ਸ਼ਾਮਲ ਹੋਣ ਦਾ ਅਧਿਕਾਰ ਹੈ ਜਦੋਂ ਤੱਕ ਇਹ ਹੋਰਨਾਂ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਨਹੀਂ ਰੋਕਦਾ। ਮਿਸਾਲ ਲਈ - ਮੈਂ ਹੋਰਨਾਂ ਲੋਕਾਂ ਨੂੰ ਮਿਲਣ ਲਈ ਆਪਣੇ ਭਾਈਚਾਰੇ ਵਿੱਚ ਅਤੇ ਜਨਤਕ ਥਾਵਾਂ ’ਤੇ ਇੱਧਰ-ਉੱਧਰ ਆਉਣ-ਜਾਣ ਲਈ ਆਜ਼ਾਦ ਹਾਂ।

16) ਮੈਨੂੰ ਕੁਝ ਚੀਜ਼ਾਂ ਗੁਪਤ ਰੱਖਣ ਦਾ ਅਧਿਕਾਰ ਹੈ

ਮੇਰੀਆਂ ਚਿੱਠੀਆਂ, ਡਾਇਰੀ, ਜਾਂ ਫ਼ੋਨ ਕਾਲਾਂ ਗੁਪਤ ਹੋਣੀਆਂ ਚਾਹੀਦੀਆਂ ਹਨ। ਕਾਨੂੰਨ ਨੂੰ ਮੇਰੇ ਜਿਉਣ ਦੇ ਤਰੀਕੇ, ਮੇਰੇ ਵਧੀਆ ਨਾਮ, ਮੇਰੇ ਪਰਿਵਾਰ ਅਤੇ ਮੇਰੇ ਘਰ ਵਿਰੁੱਧ ਹਮਲੇ ਤੋਂ ਮੇਰੀ ਸੁਰੱਖਿਆ ਕਰਨੀ ਚਾਹੀਦੀ ਹੈ।

17) ਮੈਨੂੰ ਬਹੁਤ ਸਾਰੇ ਤਰੀਕਿਆਂ ਨਾਲ ਜਾਣਕਾਰੀ ਲੈਣ ਦਾ ਅਧਿਕਾਰ ਹੈ ਜਦੋਂ ਤੱਕ ਅਜਿਹਾ ਕਰਨਾ ਸੁਰੱਖਿਅਤ ਹੁੰਦਾ ਹੈ

ਟੈਲੀਵੀਜ਼ਨ, ਰੇਡੀਓ ਅਤੇ ਅਖ਼ਬਾਰਾਂ ਨੂੰ ਅਜਿਹੀ ਜਾਣਕਾਰੀ ਮੁਹੱਈਆ ਕਰਨੀ ਚਾਹੀਦੀ ਹੈ ਜਿਸ ਨੂੰ ਮੈਂ ਸਮਝ ਸਕਦਾ/ਸਕਦੀ ਹਾਂ। ਕਿਸੇ ਨੂੰ ਵੀ ਅਜਿਹੀਆਂ ਸਾਮੱਗਰੀਆਂ ਦਾ ਪ੍ਰਚਾਰ ਨਹੀਂ ਕਰਨਾ ਚਾਹੀਦਾ ਜੋ ਮੈਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ। ਸਰਕਾਰ ਨੂੰ ਬੱਚਿਆਂ ਦੀਆਂ ਕਿਤਾਬਾਂ ਤਿਆਰ ਕਰਨ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

18) ਜੇ ਸੰਭਵ ਹੁੰਦਾ ਹੈ ਤਾਂ ਮੇਰੇ ਕੋਲ ਦੋਵੇਂ ਮਾਪਿਆਂ ਵੱਲੋਂ ਵੱਡਾ ਕੀਤੇ ਜਾਣ ਦਾ ਅਧਿਕਾਰ ਹੈ

ਦੋਵੇਂ ਮਾਪੇ ਬੱਚਿਆਂ ਦੀ ਪਰਵਰਿਸ਼ ਕਰਨ ਦੀ ਜ਼ਿੰਮੇਵਾਰੀ ਸਾਂਝੀ ਕਰਦੇ ਹਨ। ਮਾਪਿਆਂ ਨੂੰ ਹਮੇਸ਼ਾ ਉਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਜੋ ਹਰੇਕ ਬੱਚੇ ਲਈ ਬਿਹਤਰੀਨ ਹੁੰਦਾ ਹੈ। ਸਰਕਾਰ ਨੂੰ ਮਾਪਿਆਂ ਦੀ ਸਹਾਇਤਾ ਕਰਨ ਲਈ ਉਨ੍ਹਾਂ ਨੂੰ ਸੇਵਾਵਾਂ ਮੁਹੱਈਆ ਕਰਕੇ ਮਦਦ ਕਰਨੀ ਚਾਹੀਦੀ ਹੈ, ਖਾਸ ਤੌਰ ’ਤੇ ਜੇ ਦੋਵੇਂ ਮਾਪੇ ਕੰਮ ਕਰਦੇ ਹਨ।

19) ਮੈਨੂੰ ਨੁਕਸਾਨ ਪਹੁੰਚਾਏ ਜਾਣ ਜਾਂ ਮਾੜਾ ਵਰਤਾਓ ਕੀਤੇ ਜਾਣ ਤੋਂ ਸੁਰੱਖਿਆ ਕੀਤੇ ਜਾਣ ਦਾ ਅਧਿਕਾਰ ਹੈ

ਸਰਕਾਰਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮੇਰੀ ਸਹੀ ਤਰ੍ਹਾਂ ਨਾਲ ਦੇਖਭਾਲ ਕੀਤੀ ਜਾਵੇ। ਮੈਨੂੰ ਬਾਲਗਾਂ ਤੋਂ ਹਿੰਸਾ, ਦੁਰਵਿਵਹਾਰ ਅਤੇ ਅਣਦੇਖੀ ਤੋਂ ਬਚਾਅ ਕੀਤੇ ਜਾਣ ਦਾ ਅਧਿਕਾਰ ਹੈ।

20) ਜੇ ਮੈਂ ਆਪਣੇ ਖੁਦ ਦੇ ਪਰਿਵਾਰ ਨਾਲ ਨਹੀਂ ਰਹਿ ਸਕਦਾ/ਸਕਦੀ ਤਾਂ ਮੈਨੂੰ ਵਿਸ਼ੇਸ਼ ਸੁਰੱਖਿਆ ਅਤੇ ਮਦਦ ਅਧਿਕਾਰ ਹੈ।

ਜੇ ਮੇਰੇ ਆਪਣੇ ਪਰਿਵਾਰ ਵੱਲੋਂ ਮੇਰੀ ਦੇਖਭਾਲ ਨਹੀਂ ਕੀਤੀ ਜਾ ਸਕਦੀ, ਤਾਂ ਮੇਰੀ ਲਾਜ਼ਮੀ ਤੌਰ ’ਤੇ ਉਨ੍ਹਾਂ ਲੋਕਾਂ ਵੱਲੋਂ ਸਹੀ ਤਰ੍ਹਾਂ ਨਾਲ ਦੇਖਭਾਲ ਕਰਨੀ ਚਾਹੀਦੀ ਹੈ ਜੋ ਮੇਰੇ ਧਰਮ, ਸਭਿਆਚਾਰ ਅਤੇ ਭਾਸ਼ਾ ਦਾ ਸਤਿਕਾਰ ਕਰਦੇ ਹਨ। ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬਦਲਵੀਂ ਦੇਖਭਾਲ ਮੇਰੇ ਲਈ ਉਪਲਬਧ ਹੋਵੇ।

21) ਜੇ ਮੈਨੂੰ ਗੋਦ ਦਿੱਤਾ ਜਾਂਦਾ ਹੈ ਤਾਂ ਮੈਨੂੰ ਬਿਹਤਰੀਨ ਦੇਖਭਾਲ ਕਰਵਾਉਣ ਦਾ ਅਧਿਕਾਰ ਹੈ

ਜੇ ਮੈਨੂੰ ਗੋਦ ਦਿੱਤਾ ਜਾਂਦਾ ਹੈ, ਤਾਂ ਪਹਿਲੀ ਚਿੰਤਾ ਲਾਜ਼ਮੀ ਤੌਰ ’ਤੇ ਇਹ ਹੋਣੀ ਚਾਹੀਦੀ ਹੈ ਕਿ ਮੇਰੇ ਲਈ ਕੀ ਬਿਹਤਰੀਨ ਹੈ। ਉਹੀ ਨਿਯਮ ਉਸ ਸਮੇਂ ਵੀ ਲਾਗੂ ਹੋਣੇ ਚਾਹੀਦੇ ਹਨ ਭਾਵੇਂ ਮੈਨੂੰ ਉਸੇ ਦੇਸ਼ ਵਿੱਚ ਗੋਦ ਦਿੱਤਾ ਜਾਂਦਾ ਹੈ ਜਿੱਥੇ ਮੈਂ ਰਹਿੰਦਾ/ਰਹਿੰਦੀ ਹਾਂ ਜਾਂ ਮੈਂ ਕਿਸੇ ਹੋਰ ਦੇਸ਼ ਵਿੱਚ ਰਹਿਣ ਲਈ ਜਾਂਦਾ/ਜਾਂਦੀ ਹਾਂ।

22) ਜੇ ਮੈਂ ਸ਼ਰਣਾਰਥੀ ਹਾਂ, ਤਾਂ ਮੇਰੇ ਕੋਲ ਉਹੀ ਅਧਿਕਾਰ ਹਨ ਜੋ ਉਸ ਦੇਸ਼ ਵਿੱਚ ਪੈਦਾ ਹੋਏ ਬੱਚਿਆਂ ਕੋਲ ਹੁੰਦੇ ਹਨ

ਜੇ ਮੈਂ ਇਸ ਦੇਸ਼ ਵਿੱਚ ਇੱਕ ਸ਼ਰਣਾਰਥੀ ਵੱਜੋਂ ਆਇਆ/ਆਈ ਹਾਂ, ਮੇਰੇ ਕੋਲ ਉਹੀ ਅਧਿਕਾਰ ਹੋਣੇ ਚਾਹੀਦੇ ਹਨ ਜੋ ਉਸ ਦੇਸ਼ ਵਿੱਚ ਪੈਦਾ ਹੋਏ ਬੱਚੇ ਕੋਲ ਹਨ। ਸਰਕਾਰਾਂ ਨੂੰ ਕਿਸੇ ਵੀ ਸ਼ਰਣਾਰਥੀ ਬੱਚੇ ਦੇ ਪਰਿਵਾਰ ਨੂੰ ਲੱਭਣ ਵਿੱਚ ਸਹਾਇਤਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

23) ਜੇ ਮੈਨੂੰ ਅਪਾਹਜਤਾ ਹੈ, ਤਾਂ ਮੈਨੂੰ ਵਿਸ਼ੇਸ਼ ਦੇਖਭਾਲ ਅਤੇ ਸਿੱਖਿਆ ਦਾ ਅਧਿਕਾਰ ਹੈ

ਮੈਨੂੰ ਮੁਕੰਮਲ ਅਤੇ ਖੁਸ਼ੀਆਂ ਭਰੀ ਜ਼ਿੰਦਗੀ ਦਾ ਅਧਿਕਾਰ ਹੈ ਅਤੇ ਬਾਲਗਾਂ ਨੂੰ ਮੇਰੀ ਆਪਣੇ ਭਾਈਚਾਰੇ ਵਿੱਚ ਇੱਕ ਸਰਗਰਮ ਸਹਿਭਾਗੀ ਬਣਨ ਲਈ ਸਹਾਇਤਾ ਕਰਨੀ ਚਾਹੀਦੀ ਹੈ। ਮੇਰੇ ਕੋਲ ਇਹ ਯਕੀਨੀ ਬਣਾਉਣ ਲਈ ਵਿਸ਼ੇਸ਼ ਮਦਦ ਅਤੇ ਦੇਖਭਾਲ ਦਾ ਅਧਿਕਾਰ ਹੈ ਕਿ ਮੈਂ ਸਿੱਖਿਆ, ਸਿਹਤ ਸੰਭਾਲ ਸੇਵਾਵਾਂ ਅਤੇ ਮਨਪ੍ਰਚਾਵੇ ਦੇ ਮੌਕੇ ਹਾਸਲ ਕਰ ਸਕਾਂ। ਬਾਲਗਾਂ ਨੂੰ ਮੇਰੀ ਪੂਰੀ ਸਮਰੱਥਾ ਤੱਕ ਪਹੁੰਚਣ ਅਤੇ ਵਿਅਕਤੀਗਤ ਵਿਕਾਸ ਲਈ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਹੋਰਨਾਂ ਨਾਲ ਗਤੀਵਿਧੀਆਂ ਵਿੱਚ ਭਾਗ ਲੈਣ ਮੈਨੂੰ ਮੌਕੇ ਮੁਹੱਈਆ ਕਰਨੇ ਚਾਹੀਦੇ ਹਨ।

24) ਮੈਨੂੰ ਚੰਗੇ ਮਿਆਰ ਦੀ ਸਿਹਤ ਦੇਖਭਾਲ, ਸਾਫ਼ ਪਾਣੀ ਅਤੇ ਚੰਗੇ ਭੋਜਨ ਦਾ ਅਧਿਕਾਰ ਹੈ

ਮੈਨੂੰ ਚੰਗੇ ਮਿਆਰ ਵਾਲੀ ਸਿਹਤ ਸੰਭਾਲ ਅਤੇ ਸਾਫ਼ ਪਾਣੀ ਦਾ ਅਧਿਕਾਰ ਹੈ। ਮੈਨੂੰ ਪੋਸ਼ਕ ਭੋਜਨ ਅਤੇ ਸਾਫ਼ ਵਾਤਾਵਰਣ ਦਾ ਅਧਿਕਾਰ ਹੈ ਤਾਂ ਜੋ ਮੈਂ ਸਿਹਤਮੰਦ ਰਹਿ ਸਕਾਂ। ਅਮੀਰ ਦੇਸ਼ਾਂ ਨੂੰ ਇਸ ਦੀ ਪ੍ਰਾਪਤੀ ਲਈ ਗਰੀਬ ਦੇਸ਼ਾਂ ਦੀ ਮਦਦ ਕਰਨੀ ਚਾਹੀਦੀ ਹੈ।

25) ਜੇ ਮੈਂ ਆਪਣੇ ਪਰਿਵਾਰ ਨਾਲ ਨਹੀਂ ਰਹਿ ਰਿਹਾ/ਰਹੀ ਹਾਂ, ਤਾਂ ਲੋਕਾਂ ਨੂੰ ਇਹ ਪਤਾ ਲਗਾਉਂਦੇ ਰਹਿਣਾ ਚਾਹੀਦਾ ਹੈ ਕਿ ਕੀ ਮੈਂ ਸੁਰੱਖਿਅਤ ਅਤੇ ਖੁਸ਼ ਹਾਂ

ਜੇ ਮੇਰੀ ਆਪਣੇ ਮਾਪਿਆਂ ਦੀ ਬਜਾਏ ਲੋਕਲ ਅਥਾਰਟੀ ਵੱਲੋਂ ਦੇਖਭਾਲ ਕੀਤੀ ਜਾਂਦੀ ਹੈ ਤਾਂ ਮੈਨੂੰ ਆਪਣੀ ਦੇਖਭਾਲ ਦੀ ਸਮੀਖਿਆ ਕਰਵਾਉਣ ਦਾ ਅਧਿਕਾਰ ਹੈ। ਮੈਨੂੰ ਆਪਣੀ ਸਥਿਤੀ ਦੀ ਨਿਯਮਿਤ ਤੌਰ ’ਤੇ ਸਮੀਖਿਆ ਕਰਵਾਏ ਜਾਣ ਦਾ ਅਧਿਕਾਰ ਹੈ।

26) ਮੇਰੇ ਪਰਿਵਾਰ ਨੂੰ ਉਹ ਪੈਸਾ ਮਿਲਣਾ ਚਾਹੀਦਾ ਹੈ ਜਿਸ ਦੀ ਲੋੜ ਮੇਰੀ ਪਰਵਰਿਸ਼ ਵਾਸਤੇ ਮਦਦ ਲਈ ਹੈ

ਮੈਨੂੰ ਅਜਿਹੇ ਜੀਵਨ ਪੱਧਰ ਦਾ ਅਧਿਕਾਰ ਹੇ ਜੋ ਮੇਰੀਆਂ ਮਾਨਸਿਕ ਅਤੇ ਸਰੀਰਕ ਲੋੜਾਂ ਪੂਰੀਆਂ ਕਰਨ ਲਈ ਕਾਫੀ ਹੈ। ਸਰਕਾਰ ਨੂੰ ਉਨ੍ਹਾਂ ਪਰਿਵਾਰਾਂ ਦੀ ਮਦਦ ਕਰਨੀ ਚਾਹੀਦੀ ਹੈ ਜੋ ਇਸ ਦਾ ਖ਼ਰਚ ਸਹਿਣ ਨਹੀਂ ਕਰ ਸਕਦੇ।

27) ਮੈਨੂੰ ਇੱਕ ਉਚਿਤ ਘਰ, ਭੋਜਨ ਅਤੇ ਕਪੜਿਆਂ ਦਾ ਅਧਿਕਾਰ ਹੈ

ਸਰਕਾਰ ਨੂੰ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਲਈ ਵਧੀਕ ਪੈਸਾ ਮੁਹੱਈਆ ਕਰਵਾਉਣਾ ਚਾਹੀਦਾ ਹੈ। ਮਿਸਾਲ ਲਈ - ਜੇ ਇੱਕ ਪਰਿਵਾਰ ਕੋਲ ਪੈਸਾ ਨਹੀਂ ਹੈ ਜਾਂ ਆਪਣੀ ਸਹਾਇਤਾ ਨਹੀਂ ਕਰ ਸਕਦੇ ਤਾਂ ਕਲਿਆਣਕਾਰੀ ਰਾਜ ਨੂੰ ਬੱਚਿਆਂ ਦੀ ਮਦਦ ਕਰਨੀ ਚਾਹੀਦੀ ਹੈ।

28) ਮੈਨੂੰ ਸਿੱਖਿਆ ਦਾ ਅਧਿਕਾਰ ਹੈ

ਮੈਨੂੰ ਮੁਢਲੀ ਸਿੱਖਿਆ ਦਾ ਅਧਿਕਾਰ ਹੈ, ਜੋ ਮੁਫ਼ਤ ਹੋਣੀ ਚਾਹੀਦੀ ਹੈ। ਸਕੂਲ ਨੂੰ ਮੇਰੇ ਸਵੈ-ਮਾਣ ਦਾ ਸਤਿਕਾਰ ਕਰਨਾ ਚਾਹੀਦਾ ਹੈ। ਮੈਨੂੰ ਸਿੱਖਿਆ ਦੇ ਉਸ ਉੱਚਤਮ ਪੱਧਰ ਤੱਕ ਪਹੁੰਚਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਜਿਸ ਦੇ ਮੈਂ ਸਮਰੱਥ ਹਾਂ।

29) ਮੈਨੂੰ ਇੱਕ ਅਜਿਹੀ ਸਿੱਖਿਆ ਦਾ ਅਧਿਕਾਰ ਹੈ ਜੋ ਮੇਰੀ ਸ਼ਖਸੀਅਤ ਦਾ ਵਿਕਾਸ ਕਰਦੀ ਹੈ, ਹੋਰਨਾਂ ਦੇ ਅਧਿਕਾਰਾਂ ਅਤੇ ਵਾਤਾਵਰਣ ਦਾ ਸਤਿਕਾਰ ਕਰਦੀ ਹੈ

ਸਿੱਖਿਆ ਨੂੰ ਮਨੁੱਖੀ ਅਧਿਕਾਰਾਂ ਲਈ ਮੇਰੇ ਸਤਿਕਾਰ ਦਾ ਵਿਕਾਸ ਕਰਨਾ ਚਾਹੀਦਾ ਹੈ। ਇਸ ਨੂੰ ਮੇਰੀ ਸ਼ਖਸੀਅਤ ਅਤੇ ਪ੍ਰਤਿਭਾਵਾਂ ਦਾ ਵਿਕਾਸ ਕਰਨਾ ਚਾਹੀਦਾ ਹੈ। ਸਿੱਖਿਆ ਨੂੰ ਕੁਦਰਤੀ ਵਾਤਾਵਰਣ ਲਈ ਮੇਰੇ ਸਤਿਕਾਰ ਦਾ ਵਿਕਾਸ ਕਰਨਾ ਚਾਹੀਦਾ ਹੈ। ਇਸ ਨੂੰ ਮੇਰੇ ਮਾਪਿਆਂ ਦੀ, ਖੁਦ ਦੇ ਅਤੇ ਹੋਰਨਾਂ ਸਭਿਆਚਾਰਾਂ ਦਾ ਸਤਿਕਾਰ ਕਰਨ ਲਈ ਮੈਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

30) ਮੈਨੂੰ ਆਪਣੀ ਖੁਦ ਦੀ ਭਾਸ਼ਾ ਬੋਲਣ ਅਤੇ ਆਪਣੇ ਪਰਿਵਾਰ ਦੀ ਜੀਵਨ ਸ਼ੈਲੀ ਦੀ ਪਾਲਣਾ ਕਰਨ ਦਾ ਅਧਿਕਾਰ ਹੈ

ਮੇਰੇ ਕੋਲ ਆਪਣੀ ਭਾਸ਼ਾ ਨੂੰ ਸਿੱਖਣ ਅਤੇ ਵਰਤਣ ਦਾ ਅਧਿਕਾਰ ਹੈ ਭਾਵੇਂ ਇਸ ਨੂੰ ਉਸ ਦੇਸ਼ ਦੇ ਜ਼ਿਆਦਾਤਰ ਲੋਕਾਂ ਵੱਲੋਂ ਸਾਂਝਾ ਨਹੀਂ ਕੀਤਾ ਜਾਂਦਾ ਜਿੱਥੇ ਮੈਂ ਰਹਿੰਦਾ/ਰਹਿੰਦੀ ਹਾਂ। ਮੈਨੂੰ ਆਪਣੇ ਪਰਿਵਾਰ ਦੇ ਰਸਮਾਂ-ਰਿਵਾਜ਼ਾਂ ਦੀ ਪਾਲਣਾ ਕਰਨ ਦਾ ਅਧਿਕਾਰ ਹੈ ਭਾਵੇਂ ਇਸ ਨੂੰ ਉਸ ਦੇਸ਼ ਦੇ ਜ਼ਿਆਦਾਤਰ ਲੋਕਾਂ ਵੱਲੋਂ ਸਾਂਝਾ ਨਹੀਂ ਕੀਤਾ ਜਾਂਦਾ ਜਿੱਥੇ ਮੈਂ ਰਹਿੰਦਾ/ਰਹਿੰਦੀ ਹਾਂ।

31) ਮੈਨੂੰ ਆਰਾਮ ਕਰਨ ਅਤੇ ਖੇਡਣ ਦਾ ਅਧਿਕਾਰ ਹੈ

ਮੈਨੂੰ ਖੇਡਣ, ਆਰਾਮ ਕਰਨ, ਅਤੇ ਵਿਆਪਕ ਪ੍ਰਕਾਰ ਦੀਆਂ ਸਭਿਆਚਾਰਕ, ਕਲਾਤਮਕ ਅਤੇ ਮਨਪ੍ਰਚਾਵੇ ਦੀਆਂ ਹੋਰਨਾਂ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦਾ ਅਧਿਕਾਰ ਹੈ। ਬਾਲਗਾਂ ਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ ਕਿ ਮੈਨੂੰ ਇਹ ਯਕੀਨੀ ਬਣਾਉਣ ਲਈ ਕਿਸ ਗੱਲ ਦੀ ਲੋੜ ਹੈ ਕਿ ਮੇਰੇ ਕੋਲ ਆਪਣੇ ਸਥਾਨਕ ਭਾਈਚਾਰੇ ਵਿੱਚ ਖੇਡਣ ਅਤੇ ਆਰਾਮ ਕਰਨ ਦੇ ਮੌਕੇ ਹੋਣ ਅਤੇ ਮੈਨੂੰ ਯੋਜਨਾ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ। ਮੈਨੂੰ ਇੱਕ ਸੁਰੱਖਿਅਤ, ਸਹਾਇਕ, ਉਤਸ਼ਾਹ-ਵਰਧਕ ਅਤੇ ਤਣਾਅ-ਮੁਕਤ ਵਾਤਾਵਰਣ ਵਿੱਚ ਖੇਡਣ ਅਤੇ ਹੋਰਨਾਂ ਨਾਲ ਰਹਿਣ ਦਾ ਅਧਿਕਾਰ ਹੈ।

32) ਮੇਰੇ ਤੋਂ ਖ਼ਤਰਨਾਕ ਕੰਮ ਨਹੀਂ ਕਰਵਾਉਣਾ ਚਾਹੀਦਾ

ਸਰਕਾਰ ਨੂੰ ਘੱਟੋ-ਘੱਟ ਉਮਰ ਲਈ ਸਹਿਮਤ ਹੋਣਾ ਚਾਹੀਦਾ ਹੈ ਜਦੋਂ ਮੈਂ ਕੰਮ ਸ਼ੁਰੂ ਕਰ ਸਕਦਾ/ਸਕਦੀ ਹਾਂ। ਸਰਕਾਰ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਜਦੋਂ ਮੈਂ ਉਚਿਤ ਉਮਰ ’ਤੇ ਪਹੁੰਚ ਜਾਵਾਂ ਤਾਂ ਮੈਨੂੰ ਕਿੰਨੇ ਘੰਟੇ ਕੰਮ ਕਰਨ ਦੀ ਆਗਿਆ ਹੈ। ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜਿਹੜੇ ਬਾਲਗ ਇਨ੍ਹਾਂ ਨਿਯਮਾਂ ’ਤੇ ਕਾਇਮ ਨਹੀਂ ਰਹਿੰਦੇ ਉਨ੍ਹਾਂ ਨੂੰ ਜੁਰਮਾਨਾ ਕੀਤਾ ਜਾਵੇ।

33) ਮੇਰੀ ਖ਼ਤਰਨਾਕ ਡਰੱਗਜ਼ ਤੋਂ ਸੁਰੱਖਿਆ ਕਰਨੀ ਚਾਹੀਦੀ ਹੈ

ਸਰਕਾਰ ਨੂੰ ਮੈਨੂੰ ਖ਼ਤਰਨਾਕ ਡਰੱਗਜ਼ ਤੋਂ ਬਚਾਉਣ ਲਈ ਤਰੀਕੇ ਮੁਹੱਈਆ ਕਰਨੇ ਚਾਹੀਦੇ ਹਨ। ਮਿਸਾਲ ਲਈ - ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮੈਨੂੰ ਖ਼ਤਰਨਾਕ ਡਰੱਗਜ਼ ਅਤੇ ਇਸ ਬਾਰੇ ਪਤਾ ਹੋਵੇ ਕਿ ਉਹ ਕੀ (ਅਸਰ) ਕਰਦੀਆਂ ਹਨ ਅਤੇ ਇਹ ਕਿ ਮੈਨੂੰ ਉਨ੍ਹਾਂ ਦੇ ਸੰਪਰਕ ਵਿੱਚ ਆਉਣ ਤੋਂ ਬਚਾਉਣਾ ਚਾਹੀਦਾ ਹੈ।

34) ਕਿਸੇ ਨੂੰ ਵੀ ਮੈਨੂੰ ਇਸ ਤਰ੍ਹਾਂ ਨਾਲ ਨਹੀਂ ਛੂਹਣਾ ਚਾਹੀਦਾ ਜੋ ਮੈਨੂੰ ਤਕਲੀਫਦੇਹ, ਅਸੁਰੱਖਿਅਤ ਜਾਂ ਉਦਾਸ ਮਹਿਸੂਸ ਕਰਵਾਉਂਦਾ ਹੈ।

ਸਰਕਾਰ ਨੂੰ ਮੇਰੀ ਯੌਨ ਦੁਰਵਿਵਹਾਰ ਤੋਂ ਸੁਰੱਖਿਆ ਕਰਨੀ ਚਾਹੀਦੀ ਹੈ। ਕਿਸੇ ਨੂੰ ਵੀ ਮੇਰੇ ਸਰੀਰ ਨਾਲ ਕੁਝ ਅਜਿਹਾ ਨਹੀਂ ਕਰਨਾ ਚਾਹੀਦਾ ਜੋ ਮੈਂ ਨਹੀਂ ਚਾਹੁੰਦਾ/ਚਾਹੁੰਦੀ ਕਿ ਉਹ ਮੇਰੇ ਨਾਲ ਕਰਨ, ਜਿਵੇਂ ਕਿ ਮੈਨੂੰ ਛੂਹਣਾ ਜਾਂ ਮੇਰੀਆਂ ਤਸਵੀਰਾਂ ਖਿੱਚਣੀਆਂ ਜਾਂ ਮੇਰੇ ਤੋਂ ਅਜਿਹੀਆਂ ਗੱਲਾਂ ਕਹਿਲਵਾਉਣੀਆਂ ਜੋ ਮੈਂ ਕਹਿਣਾ ਨਹੀਂ ਚਾਹੁੰਦਾ/ਚਾਹੁੰਦੀ। ਜੇ ਮੈਨੂੰ ਨੁਕਸਾਨ

ਪਹੁੰਚਾਇਆ ਗਿਆ ਹੈ ਜਾਂ ਦੁਰਵਿਵਹਾਰ ਕੀਤਾ ਗਿਆ ਹੈ ਤਾਂ ਮੈਨੂੰ ਉਹ ਮਦਦ ਮਿਲਣੀ ਚਾਹੀਦੀ ਹੈ ਜਿਸ ਦੀ ਲੋੜ ਮੈਨੂੰ ਠੀਕ ਹੋਣ ਲਈ ਹੈ।

35) ਮੈਨੂੰ ਅਗਵਾ ਨਹੀਂ ਕਰਨਾ ਚਾਹੀਦਾ, ਮੇਰੀ ਵੇਚ ਜਾਂ ਤੱਸਕਰੀ ਨਹੀਂ ਕਰਨੀ ਚਾਹੀਦੀ

ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮੈਨੂੰ ਮੇਰੇ ਪਰਿਵਾਰ ਤੋਂ ਗ਼ੈਰਕਾਨੂੰਨੀ ਢੰਗ ਨਾਲ ਨਹੀਂ ਲਿਆ ਜਾਂਦਾ। ਮੈਨੂੰ ਅਗਵਾ ਨਹੀਂ ਕਰਨਾ ਚਾਹੀਦਾ, ਮੇਰੀ ਵੇਚ ਜਾਂ ਤਸੱਕਰੀ ਨਹੀਂ ਕਰਨੀ ਚਾਹੀਦੀ। ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮੇਰਾ ਸ਼ੋਸ਼ਣ ਨਾ ਕੀਤਾ ਜਾਵੇ।

36) ਮੈਨੂੰ ਉਨ੍ਹਾਂ ਗੱਲਾਂ ਤੋਂ ਸੁਰੱਖਿਅਤ ਰੱਖੇ ਜਾਣ ਦਾ ਅਧਿਕਾਰ ਹੈ ਜੋ ਮੇਰੇ ਵਿਕਾਸ ਲਈ ਨੁਕਸਾਨ ਪਹੁੰਚਾ ਸਕਦੀਆਂ ਹਨ

ਮੇਰੀ ਕਿਸੇ ਵੀ ਅਜਿਹੀਆਂ ਗਤੀਵਿਧੀਆਂ ਤੋਂ ਸੁਰੱਖਿਆ ਕਰਨੀ ਚਾਹੀਦੀ ਹੈ ਜੋ ਮੇਰੇ ਵਿਕਾਸ ਉੱਤੇ ਅਸਰ ਪਾ ਸਕਦੀਆਂ ਹਨ। ਮਿਸਾਲ ਲਈ - ਮੈਨੂੰ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ ਜੋ ਅਸੁਰੱਖਿਅਤ ਹੈ। ਇਸ ਦਾ ਅਰਥ ਹੈ ਕਿ ਜਿਹੜੇ ਲੋਕ ਮੈਨੂੰ ਕੰਮ ’ਤੇ ਰੱਖਦੇ ਹਨ ਉਨ੍ਹਾਂ ਨੂੰ ਅਜਿਹਾ ਸਿਰਫ ਉਸ ਸਮੇਂ ਕਰਨਾ ਚਾਹੀਦਾ ਹੈ ਜਦੋਂ ਮੇਰੀ ਢੁਕਵੀਂ ਉਮਰ ਹੁੰਦੀ ਹੈ। ਉਨ੍ਹਾਂ ਨੂੰ ਮੈਨੂੰ ਸਿਰਫ ਉਹੀ ਚੀਜ਼ਾਂ ਕਰਨ ਲਈ ਕਹਿਣਾ ਚਾਹੀਦਾ ਹੈ ਜੋ ਸੁਰੱਖਿਅਤ ਹਨ।

37) ਮੈਨੂੰ ਬੇਰਹਿਮ ਜਾਂ ਤਕਲੀਫਦੇਹ ਢੰਗ ਨਾਲ ਸਜ਼ਾ ਨਾ ਦਿੱਤੇ ਜਾਣ ਦਾ ਅਧਿਕਾਰ ਹੈ

ਜੇ ਮੈਂ ਕਾਨੂੰਨ ਤੋੜਦਾ/ਤੋੜਦੀ ਹਾਂ, ਤਾਂ ਮੇਰੇ ਨਾਲ ਬੇਰਹਿਮੀ ਨਾਲ ਵਿਵਹਾਰ ਨਹੀਂ ਕਰਨਾ ਚਾਹੀਦਾ। ਮੈਨੂੰ ਬਾਲਗਾਂ ਨਾਲ ਜੇਲ੍ਹ ਵਿੱਚ ਨਹੀਂ ਰੱਖਣਾ ਚਾਹੀਦਾ। ਮੈਨੂੰ ਆਪਣੇ ਪਰਿਵਾਰ ਨਾਲ ਸੰਪਰਕ ਰੱਖਣ ਦੀ ਆਗਿਆ ਦੇਣੀ ਚਾਹੀਦੀ ਹੈ। ਮੈਨੂੰ ਕਾਨੂੰਨੀ ਮਦਦ ਲੈਣ ਦਾ ਅਧਿਕਾਰ ਹੈ।

38) ਮੈਨੂੰ 15 ਸਾਲ ਦੀ ਉਮਰ ਤੱਕ ਫ਼ੌਜ ਵਿੱਚ ਸ਼ਾਮਲ ਹੋਣ ਦੀ ਆਗਿਆ ਨਹੀਂ ਹੈ

ਮੈਨੂੰ 15 ਸਾਲ ਦੀ ਉਮਰ ਤੱਕ ਫ਼ੌਜ ਵਿੱਚ ਸ਼ਾਮਲ ਹੋਣ ਦੀ ਆਗਿਆ ਨਹੀਂ ਹੈ। ਜੇ ਮੇਰਾ ਦੇਸ਼ ਜੰਗ ਵਿੱਚ ਸ਼ਾਮਲ ਹੈ ਤਾਂ ਮੈਨੂੰ ਵਿਸ਼ੇਸ਼ ਸੁਰੱਖਿਆ ਮਿਲਣੀ ਚਾਹੀਦੀ ਹੈ।

39) ਜੇ ਮੈਨੂੰ ਤਕਲੀਫ ਪਹੁੰਚਾਈ ਗਈ ਹੈ, ਅਣਦੇਖੀ ਕੀਤੀ ਗਈ ਹੈ ਜਾਂ ਮਾੜੇ ਢੰਗ ਨਾਲ ਵਰਤਾਓ ਕੀਤਾ ਗਿਆ ਹੈ ਤਾਂ ਮੈਨੂੰ ਮਦਦ ਲੈਣ ਦਾ ਅਧਿਕਾਰ ਹੈ

ਜੇ ਮੈਨੂੰ ਚੋਟ ਪਹੁੰਚਾਈ ਗਈ ਹੈ, ਅਣਗੌਲਿਆ ਗਿਆ ਹੈ ਜਾਂ ਮਾੜੇ ਢੰਗ ਨਾਲ ਵਿਵਹਾਰ ਕੀਤਾ ਗਿਆ ਹੈ ਤਾਂ ਮੈਨੂੰ ਬਿਹਤਰ ਮਹਿਸੂਸ ਕਰਵਾਉਣ ਲਈ ਵਿਸ਼ੇਸ਼ ਮਦਦ ਮਿਲਣੀ ਚਾਹੀਦੀ ਹੈ। ਮਿਸਾਲ ਲਈ - ਅਣਦੇਖੀ, ਦੁਰਵਿਵਹਾਰ, ਸਜ਼ਾ ਜਾਂ ਜੰਗ ਵਿੱਚ ਸ਼ਾਮਲ ਹੋਣ ਤੋਂ ਬਾਅਦ ਜੇ ਮੈਂ ਬਿਹਤਰ (ਠੀਕ) ਹੋਣਾ ਚਾਹੁੰਦਾ/ਚਾਹੁੰਦੀ ਹਾਂ ਤਾਂ ਮੈਨੂੰ ਸਹਾਇਤਾ ਮਿਲਣ ਦਾ ਅਧਿਕਾਰ ਹੈ।

40) ਜੇ ਮੈਂ ਕਾਨੂੰਨ ਤੋੜਨ ਦਾ ਦੋਸ਼ੀ ਰਿਹਾ/ਰਹੀ ਹਾਂ ਤਾਂ ਮੈਨੂੰ ਕਾਨੂੰਨੀ ਮਦਦ ਲੈਣ ਅਤੇ ਨਿਰਪੱਖਤਾ ਨਾਲ ਸਲੂਕ ਕੀਤੇ ਜਾਣ ਦਾ ਅਧਿਕਾਰ ਹੈ

ਜੇ ਮੈਂ ਕਾਨੂੰਨ ਤੋੜਨ ਦਾ/ਦੀ ਦੋਸ਼ੀ ਹਾਂ, ਤਾਂ ਮੈਨੂੰ ਕਾਨੂੰਨੀ ਮਦਦ ਮਿਲਣੀ ਚਾਹੀਦੀ ਹੈ। ਬੱਚਿਆਂ ਜਾਂ ਨੌਜਵਾਨ ਵਿਅਕਤੀਆਂ ਨੂੰ ਸਿਰਫ ਸਭ ਤੋਂ ਗੰਭੀਰ ਜੁਰਮਾਂ ਲਈ ਹੀ ਜੇਲ੍ਹ ਵਿੱਚ ਬੰਦ ਕਰਨਾ ਚਾਹੀਦਾ ਹੈ।

41) ਜਿੱਥੇ ਸਾਡਾ ਦੇਸ਼ ਸਾਡੇ ਨਾਲ UN ਤੋਂ ਬਿਹਤਰ ਵਿਵਹਾਰ ਕਰਦਾ ਹੈ ਉੱਥੇ ਸਾਨੂੰ ਵਧੀਆ ਕੰਮ ਜਾਰੀ ਰੱਖਣਾ ਚਾਹੀਦਾ ਹੈ!

ਜੇ ਮੇਰੇ ਦੇਸ਼ ਦੇ ਕਾਨੂੰਨ UNCRC ਵਿੱਚ ਦਿੱਤੇ ਅਨੁਛੇਦਾਂ ਤੋਂ ਬਿਹਤਰ ਢੰਗ ਨਾਲ ਮੇਰੀ ਸੁਰੱਖਿਆ ਕਰਦੇ ਹਨ ਤਾਂ ਉਨ੍ਹਾਂ ਨੂੰ ਕਾਇਮ ਰਹਿਣਾ ਚਾਹੀਦਾ ਹੈ। UNCRC ਵਿੱਚ ਸੂਚੀਬੱਧ ਕੀਤੇ ਅਧਿਕਾਰ ਉਹ ਬੁਨਿਆਦ ਹੈ ਜਿਸ ਉੱਤੇ ਸਰਕਾਰ ਉਸਾਰੀ ਕਰ ਸਕਦੀ ਹੈ।

42) ਹਰੇਕ ਵਿਅਕਤੀ ਨੂੰ UNCRC ਬਾਰੇ ਪਤਾ ਹੋਣਾ ਚਾਹੀਦਾ ਹੈ

ਇਹ ਯਕੀਨੀ ਬਣਾਉਣਾ ਸਰਕਾਰ ਦਾ ਕੰਮ ਹੈ ਕਿ ਬਾਲਗਾਂ ਅਤੇ ਬੱਚਿਆਂ ਨੂੰ UNCRC ਬਾਰੇ ਪਤਾ ਹੁੰਦਾ ਹੈ। ਉਨ੍ਹਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਅਜਿਹਾ ਢੁਕਵੇਂ ਅਤੇ ਸਰਗਰਮ ਤਰੀਕੇ ਨਾਲ ਕਰਨਾ ਚਾਹੀਦਾ ਹੈ।

ਵਿਡਗਿਟ ਸਿੰਬਲਜ਼ © ਵਿਡਗਿਟ ਸੌਫ਼ਟਵੇਅਰ 2002 - 2017 www.widgit.com